## ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

**ਮੀਮੋ ਨੰ: Transfer Cell/2024/322388/ 1371** **ਮਿਤੀ:** 07.08.2024

ਜਨਤਕ ਸੂਚਨਾਂ

1.0 ਵਿਭਾਗ ਦੇ ਮੀਮੋ ਨੰ. **Transfer Cell/2024/322388/1328** ਮਿਤੀ **24.07.2024** ਰਾਹੀਂ **ਜਾਰੀ** ਜਨਤਕ ਸੂਚਨਾਂ ਰਾਹੀਂ ਲਿਖਿਆ ਗਿਆ ਸੀ ਕਿ ਜੋ ਦਰਖਾਸਤਕਰਤਾ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਹ ਈ ਪੰਜਾਬ ਪੋਰਟਲ ਤੇ ਲਾਗ ਇਨ ਕਰਕੇ ਬਦਲੀ ਲਈ General Details, Results, Service Record ਮਿਤੀ 25.07.2024 ਤੋਂ 05.08.2024 ਤੱਕ ਦੇ ਸਕਦੇ ਹਨ। ਕੁਝ ਅਧਿਆਪਕਾਂ/ਕਰਮਚਾਰੀਆਂ ਵਲੋਂ ਵਿਭਾਗ ਨਾਲ ਸੰਪਰਕ ਕਰਕੇ ਦੱਸਿਆ ਗਿਆ ਕਿ Epunjab Portal ਸਹੀ ਤਰ੍ਹਾਂ ਨਾਲ ਕੰਮ ਨਹੀਂ ਕਰ ਰਿਹਾ ਅਤੇ process slow ਹੈ। ਇਸ ਲਈ ਅਧਿਆਪਕਾਂ/ਕਰਮਚਾਰੀਆਂ/ਕੰਪਿਊਟਰ ਫੈਕਲਟੀ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਵੇਰਵੇ **ਜਿਵੇਂ ਕਿ** General Details, Results, Service Record ਭਰਨ ਦੀ ਅੰਤਿਮ ਮਿਤੀ 05.08.2024 ਤੋਂ 10.08.2024 ਤੱਕ ਵਾਧਾ ਕੀਤਾ ਗਿਆ ਹੈ।

2.0 ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਦਰਖਾਸਤਕਤਾ, ਜਿੰਨਾਂ ਵਲੋਂ Exempted Category ਅਧੀਨ ਅਪਲਾਈ ਕੀਤਾ ਗਿਆ ਹੈ ਅਤੇ Exempted Category ਦਾ ਸਰਟੀਫਿਕੇਟ ਅਪਲੋਡ ਕੀਤਾ ਹੈ ਉਹਨਾਂ ਵਿਚੋਂ ਕੁਝ ਦਰਖਾਸਤਕਰਤਾਵਾਂ ਦੇ ਸਰਟੀਫਿਕੇਟ ਪੂਰਨ ਤੌਰ ਤੇ ਅਪਲੋਡ ਨਹੀਂ ਹੋਏ ਅਤੇ Open ਨਹੀਂ ਹੋ ਰਹੇ ਹਨ। ਇਸ ਲਈ ਅਜਿਹੇ ਦਰਖਾਸਤਕਰਤਾਵਾਂ ਨੂੰ ਲਿਖਿਆ ਜਾਂਦਾ ਹੈ ਕਿ ਉਹਨਾਂ ਵਲੋਂ ਜੋ ਸਰਟੀਫਿਕੇਟ ਅਪਲੋਡ ਕੀਤਾ ਗਿਆ ਹੈ ਉਸ ਨੂੰ ਇੱਕ ਵਾਰ ਆਪਣੇ ਪੱਧਰ ਤੇ Open ਕਰਕੇ ਦੇਖਿਆ ਜਾਵੇ ਅਤੇ ਜੇਕਰ ਸਰਟੀਫਿਕੇਟ Open ਨਹੀਂ ਹੋ ਰਿਹਾ ਜਾਂ ਦਿਖਾਈ ਨਹੀਂ ਦੇ ਰਿਹਾ ਤਾਂ ਇੱਕ ਵਾਰ ਫੇਰ ਮਿਤੀ 10.08.2024 ਤੱਕ ਆਪਣਾ ਸਰਟੀਫਿਕੇਟ ਅਪਲੋਡ ਕਰ ਦਿੱਤਾ ਜਾਵੇ। ਇਸ ਤੋਂ ਇਲਾਵਾ ਜੇਕਰ ਕਿਸੇ ਦਰਖਾਸਤਕਰਤਾ ਵਲੋਂ ਬਦਲੀ ਦੇ ਪੋਰਟਲ ਤੇ ਡਾਟਾ ਗਲਤ ਭਰਿਆ ਗਿਆ ਹੈ ਤਾਂ ਉਹ ਵੀ ਆਪਣਾ ਡਾਟਾ ਮਿਤੀ 10.08.2024 ਤੱਕ ਸਹੀ ਕਰ ਸਕਦੇ ਹਨ। ਮਿਤੀ 10.08.2024 ਤੋਂ ਬਾਅਦ ਅਤੇ ਆਫਲਾਈਨ ਪ੍ਰਾਪਤ ਹੋਏ ਸਰਟੀਫਿਕੇਟਸ/ਪ੍ਰਤੀਬੇਨਤੀ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

7.8.24

ਸਹਾਇਕ ਡਾਇਰੈਕਟਰ (ਟਰਾਂਸਫਰ ਸੈੱਲ)

Scanned with CamScanner